# ਵਿਸਤ੍ਰਿਤ ਸਹਿਤ ਰੂਪਰੇਖਾ

**I. ਵਸ਼ਤੀ ਦਾ ਰਾਣੀ ਦੇ ਅਹੁਦੇ ਤੋਂ ਲਾਹਿਆ ਜਾਣਾ (1: 1-22)**

ੳ. ਬਾਦਸ਼ਾਹ ਦਾ ਛੇ ਮਹੀਨਿਆਂ ਦੀ ਦਾਅਵਤ ਲਈ ਸਰਦਾਰਾਂ ਨੂੰ ਇਕੱਠੇ ਕਰਨਾ (1: 1–4)

ਅ. ਸ਼ੂਸ਼ਨ ਦੇ ਮਹਿਲ ਲਈ ਸੱਤ ਦਿਨਾਂ ਦੀ ਦਾਅਵਤ ਦੀ ਬਾਦਸ਼ਾਹ ਦੀ ਮੇਜ਼ਬਾਨੀ (1:5–9)

ੲ. ਬਾਦਸ਼ਾਹ ਦੀ ਆਪਣੀ ਮਲਕਾ ਨੂੰ ਪਾਪ ਭਰੀ ਬੇਨਤੀ ਅਤੇ ਉਹਦੇ ਵੱਲੋਂ ਇਨਕਾਰ ਕੀਤਾ ਜਾਣਾ (1: 10–12)

ਸ. ਬਾਦਸ਼ਾਹ ਦਾ ਆਪਣੀ ਮਲਕਾ ਨੂੰ ਗੱਦੀਉਂ ਲਾਹੁਣਾ (1: 13–22)

1. ਇਕ ਯੋਜਨਾ ਦੀ ਲੋੜ (1: 13– 15)
2. ਇਕ ਯੋਜਨਾ ਦੱਸੀ ਗਈ (1: 16–20)
3. ਹੁਕਮ ਜਾਰੀ ਹੋਇਆ (1:21, 22)

**II. ਅਸਤਰ ਰਾਣੀ ਬਣਦੀ ਹੈ (2: 1-18)**

ੳ. ਵਸ਼ਤੀ ਦੀ ਥਾਂ ਰਾਣੀ ਬਣਾਉਣ ਦੀ ਬਾਦਸ਼ਾਹ ਦੀ ਯੋਜਨਾ (2: 1–4)

ਅ. ਮੁਕਾਬਲੇ ਵਿਚ ਅਸਤਰ ਦਾ ਆਉਣਾ (2:5– 14)

1. ਅਸਤਰ ਦੀ ਜਾਣ–ਪਛਾਣ (2:5–7)
2. ਮੁਕਾਬਲੇ ਲਈ ਅਸਤਰ ਦੀ ਤਿਆਰੀ (2:8– 11)
3. ਮੁਕਾਬਲੇ ਲਈ ਨਿਯਮ (2: 12– 14)

ੲ. ਬਾਦਸ਼ਾਹ ਵੱਲੋਂ ਅਸਤਰ ਨੂੰ ਮਲਕਾ ਚੁਣਿਆ ਜਾਣਾ (2: 15– 18)

**III. ਮਾਰਦਕਈ ਬਾਦਸ਼ਾਹ ਦੀ ਜਾਨ ਬਚਾਉਂਦਾ ਹੈ (2: 19-23)**

**IV. ਹਾਮਾਨ ਦੇ ਕਾਰਣ ਯਹੂਦੀਆਂ ਦੇ ਖਾਤਮੇ ਦਾ ਖ਼ਤਰਾ (3: 1-15)**

ੳ. ਹਾਮਾਨ ਦੀ ਤਰੱਕੀ ਅਤੇ ਮਾਰਦਕਈ ਦਾ ਉਸ ਨੂੰ ਸਤਕਾਰ ਦੇਣ ਤੋਂ ਇਨਕਾਰ (3: 1–6)

ਅ. ਯਹੂਦੀਆਂ ਨੂੰ ਖ਼ਤਮ ਕਰਨ ਦੀ ਹਾਮਾਨ ਦੀ ਸਕੀਮ (3:7– 11)

ੲ. ਹਾਮਾਨ ਦਾ ਐਲਾਨ (3: 12– 15)

**V. ਅਸਤਰ ਹਾਮਾਨ ਦੀ ਚਾਲ ਦਾ ਜਵਾਬ ਦੇਣ ਲਈ ਰਾਜ਼ੀ ਹੋ ਜਾਂਦੀ ਹੈ (4: 1—5: 4)**

ੳ. ਮਾਰਦਕਈ ਦੀ ਅਸਤਰ ਅੱਗੇ ਮਿੰਨਤ (4: 1– 17)

1. ਮਾਰਦਕਈ ਦਾ ਸੋਗ ਕਰਨਾ (4: 1–3)
2. ਮਾਰਦਕਈ ਅਤੇ ਉਸ ਦੇ ਜਵਾਬ ਲਈ ਅਸਤਰ ਦੀ ਚਿੰਤਾ (4:4–8)
3. ਮਾਰਦਕਈ ਦੀ ਜ਼ਬਰਦਸਤ ਅਪੀਲ (4:9– 14)
4. ਬਾਦਸ਼ਾਹ ਕੋਲ ਜਾਣ ਦਾ ਅਸਤਰ ਦਾ ਫ਼ੈਸਲਾ (4: 15– 17)

ਅ. ਬਾਦਸ਼ਾਹ ਦੇ ਕੋਲ ਅਸਤਰ ਦਾ ਸਫ਼ਲਤਾ ਨਾਲ ਜਾਣਾ (5: 1–4)

**VI. ਹਾਮਾਨ ਉੱਤੇ ਇਲਜ਼ਾਮ ਲਾਇਆ ਜਾਣਾ ਅਤੇ ਉਸ ਨੂੰ ਸਜ਼ਾ ਦਿੱਤੀ ਜਾਣੀ** (5:5—7:10)

ੳ. ਅਸਤਰ ਦੀ ਪਹਿਲੀ ਦਾਅਵਤ (5:5–8)

ਅ. ਮਾਰਦਕਈ ਨੂੰ ਮਾਰ ਸੁੱਟਣ ਦੀ ਹਾਮਾਨ ਦੀ ਸਾਜ਼ਸ਼ (5:9–14)

ੲ. ਬਾਦਸ਼ਾਹ ਵੱਲੋਂ ਮਾਰਦਕਈ ਦਾ ਸਨਮਾਨ (6:1–11)

ਸ. ਹਾਮਾਨ ਦੀ ਹੇਠੀ (6:12–14)

ਹ. ਅਸਤਰ ਦੀ ਦੂਜੀ ਦਾਅਵਤ (7:1–6)

ਕ. ਹਾਮਾਨ ਲਈ ਬਾਦਸ਼ਾਹ ਵੱਲੋਂ ਮੌਤ ਦੀ ਸਜ਼ਾ (7:7–10)

**VII. ਯਹੂਦੀ ਬਚ ਜਾਂਦੇ ਹਨ, ਅਤੇ ਉਹ ਪੂਰੀਮ ਦਾ ਪਰਬ ਮਨਾਉਂਦੇ ਹਨ** (8:1—10:3)

ੳ. ਬਾਦਸ਼ਾਹ ਦਾ ਆਦੇਸ਼ (8:1–17)

1. ਮਾਰਦਕਈ ਦੀ ਤਰੱਕੀ (8:1, 2)
2. ਯਹੂਦੀਆਂ ਲਈ ਅਸਤਰ ਦੀ ਬੇਨਤੀ (8:3–8)
3. ਯਹੂਦੀਆਂ ਨੂੰ ਆਪਣਾ ਬਚਾਅ ਕਰਨ ਦੀ ਇਜਾਜ਼ਤ ਦੇਣ ਵਾਲਾ ਨਵਾਂ ਆਦੇਸ਼ ਲਿਖਿਆ ਜਾਣਾ (8:9–14)
4. ਆਦੇਸ਼ ਦਾ ਨਤੀਜਾ (8:15–17)

ਅ. ਯਹੂਦੀਆਂ ਦੀ ਫ਼ਤਹਿ ਅਤੇ ਜਸ਼ਨ (9:1–32)

1. ਯਹੂਦੀਆਂ ਦੇ ਦੁਸ਼ਮਣਾਂ ਦੀ ਬਰਬਾਦੀ (9:1–10)
2. ਸ਼ੂਸ਼ਨ ਵਿਚ ਬਦਲਾ ਲੈਣ ਦਾ ਦੂਜਾ ਦਿਨ (9:11–15)
3. ਯਹੂਦੀਆਂ ਦਾ ਆਪਣੀ ਜਿੱਤ ਨੂੰ ਮਨਾਉਣਾ (9:16–19)
4. ਪੂਰੀਮ ਦਾ ਪਰਬ ਸ਼ੁਰੂ ਹੋਇਆ (9:20–32)

ੲ. ਉਪਸੰਹਾਰ (10:1–3)